بِسْمِ اللّٰہِ الرَّحْمٰنِ الرَّحِیْمِ   نَحْمَدُهٗ وَ نُصَلِّیْ عَلٰی رَسُوْلِهِ الْكَرِیْمِ   وَعَلٰی عَبْدِهِ الْمَسِیْحِ الْمَوْعُوْدِ

لَا اِلٰهَ اِلَّا اللّٰهُ مُحَمَّدٌ رَّسُوْلُ اللّٰهِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)


# • ਜੰਗੇ ਬਦਰ ਦੇ ਹਵਾਲੇ ਨਾਲ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜੀਵਨੀ ਦਾ ਜ਼ਿਕਰ

# • ਮਿਡਲ ਈਸਟ ਵਿਚੱ ਜੰਗੀ ਹਾਲਾਤ, ਖ਼ਾਸ ਦੁਆਵਾਂ ਦੀ ਤਹਰੀਕ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ**
**ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 20 ਅਕਤੂਬਰ 2023 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَاِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁਦੱ, ਤਾਉਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਅਜੱ ਵੀ ਬਦਰ ਦੇ ਬਿਲਕੁਲੱ ਬਾਦ ਹੋਣ ਵਾਲੇ ਕੁਝੱ ਕਿਸਿੱਆਂ ਦਾ ਜ਼ਿਕਰ, ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜੀਵਨੀ ਦੇ ਹਵਾਲੇ ਨਾਲ ਕਰਾਂਗਾ ।

ਤਾਰੀਖ਼ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਜਵਾਈ ਅਬੁੱਲ ਆਸ ਦੇ ਇਸਲਾਮ ਕਬੂਲ ਕਰਨ ਦਾ ਕਿੱਸਾ ਦਰਜ ਹੈ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਜਮਾਦੀ ਅਲ ਊਲਾ 06 ਹਿਜਰੀ ਵਿਚੱ ਜ਼ੈਦ ਬਿਨ ਹਾਰਸਾ ਦੀ ਕਮਾਨ ਵਿਚੱ 70 ਸਹਾਬੀਆਂ ਦਾ ਇਕੱ ਸਰਯਾ ਅਮੀਸ (ਇਕੱ ਥਾਂ ਦਾ ਨਾਂ) ਵੱਲ੍ਹ ਭੇਜਿਆ । ਅਮੀਸ ਮਦੀਨਾ ਤੋਂ ਚਾਰ ਦਿਨਾਂ ਦੀ ਦੂਰੀ ਉੱਤੇ ਹੈ । ਇਹ ਦਿਨਾਂ ਦੀ ਦੂਰੀ ਦਾ ਜਦੱ ਜ਼ਿਕਰ ਹੁੰਦਾ ਹੈ ਤਾਂ ਇਤਿਹਾਸਕਾਰ ਇਹ ਕਹਿੰਦੇ ਹਨ ਕਿ ਇਕੱ ਦਿਨ ਦੀ ਦੂਰੀ 12 ਮੀਲ ਹੁੰਦੀ ਹੈ । ਇੰਝ ਇਹ ਥਾਂ 48 ਮੀਲ ਦੇ ਫ਼ੈਸਲੇ ਉੱਤੇ ਸੀ । ਇਸ ਸਰਯਾ ਦਾ ਕੁਝੱ ਵਿਸਥਾਰ ਇਹ ਹੈ ਕਿ ਰਸੂਲੁੱਲਾਹ ਸਲੱਲਾਹੋ ਅਲੈਹਿ ਵਸਲੱਮ ਨੂੰ ਇਹ ਖ਼ਬਰ ਮਿਲੀ ਸੀ ਕਿ ਸ਼ਾਮ ਵਲ੍ਹੱ ਮੱਕੇ ਵਾਲਿਆਂ ਦਾ ਇਕੱ ਜੱਥਾ ਆ ਰਿਹਾ ਹੈ ਅਤੇ ਉਸ ਜੱਥੇ ਦਾ ਉਦੇਸ਼ ਮੁਸਲਮਾਨਾਂ ਉੱਤੇ ਹਮਲ ਕਰਨਾ ਅਤੇ ਜੰਗ ਕਰਨਾ ਸੀ । ਸੋ, ਉਹਨਾਂ ਨੇ ਉਸ ਨੂੰ ਰੋਕ ਲਿਆ । ਸਮਾਨ ਕਬਜ਼ੇ ਵਿਚੱ ਲੈ ਲਿਆ ਅਤੇ ਕੁਝੱ ਕੈਦੀ ਵੀ ਫ਼ੜੇ । ਜਿੰਨ੍ਹਾਂ ਵਿਚੱ ਅਬੁਲੱ ਆਸ ਵੀ ਸ਼ਾਮਿਲ ਸਨ ।

ਸੀਰਤ ਖ਼ਾਤਮੁਨੱਬੀਯੀਨ ਸਲੱਲਾਹੋ ਅਲੈਹਿ ਵਸਲੱਮ ਵਿਚੱ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੋ ਨੇ ਲਿਖਿੱਆ ਹੈ ਕਿ ਸਰਯਾ ਅਮੀਸ ਦੇ ਕੈਦੀਆਂ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਜਵਾਈ ਅਬੁਲੱ ਆਸ ਵੀ ਸਨ । ਜੋ ਹਜ਼ਰਤ ਖ਼ਦੀਜਾ ਰਜ਼ੀ ਅੱਲਾਹ ਅੰਨਹਾ ਦੇ ਰਿਸ਼ਤੇਦਾਰਾਂ ਵਿੱਚੋਂ ਸਨ ਅਤੇ ਹਾਲੇ ਸ਼ਿਰਕ ਉੱਤੇ ਕਾਯਮ ਸਨ । ਅਬੁਲੱ ਆਸ ਨੇ ਕਿਸੇ ਤਰ੍ਹਾਂ ਹਜ਼ਰਤ ਜ਼ੈਨਬ ਰਜ਼ੀ ਅੱਲਾਹ ਅੰਨਹਾ ਨੂੰ ਆਪਣੇ ਕੈਦ ਹੋਣ ਦੀ ਖ਼ਬਰ ਭੇਜੀ । ਜਦੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਸਹਾਬੀ ਸਵੇਰ ਦੀ ਨਮਾਜ਼ ਵਿਚੱ ਵਿਅਸਥ ਸਨ ਤਾਂ ਹਜ਼ਰਤ ਜ਼ੈਨਬ ਰਜ਼ੀ ਅੱਲਾਹ ਅੰਨਹਾ ਨੇ ਉੱਚੀ ਆਵਾਜ਼ ਨਾਲ ਕਿਹਾ ਕਿ ਹੇ ਮੁਸਲਮਾਨੋਂ ! ਮੈਂ ਅਬੁਲੱ ਆਸ ਨੂੰ ਪਨਾਹ ਦਿੰਦੀ ਹਾਂ । ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਨਮਾਜ਼ ਦੇ ਬਾਦ ਸਹਾਬੀਆਂ ਨੂੰ ਫ਼ਰਮਾਇਆ ਕਿ ਜੋ ਜ਼ੈਨਬ ਰਜ਼ੀ ਅੱਲਾਹ ਅੰਨਹਾ ਨੇ ਕਿਹਾ ਆਪ ਲੋਕਾਂ ਨੇ ਸੁਣ ਲਿਆ । ਅੱਲਾਹ ਦੀ ਕਸਮ ! ਮੈਨੂੰ ਇਸ ਦਾ ਇਲਮ ਨਹੀਂ ਸੀ । ਮੋਮਿਨਾਂ ਦੀ ਜਮਾਅਤ ਵਿੱਚੋਂ ਕੋਈ ਕਿਸੇ ਕਾਫ਼ਰ ਨੂੰ ਪਨਾਹ ਦੇਵੇ ਤਾਂ ਉਸ ਦਾ ਸਨਮਾਨ ਲਾਜ਼ਮ ਹੈ । ਫ਼ਿਰ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਜ਼ੈਨਬ ਰਜ਼ੀ ਅੱਲਾਹ ਅੰਨਹਾ ਨੂੰ ਫ਼ਰਮਾਇਆ ਕਿ ਜਿਸ ਨੂੰ ਤੂੰ ਪਨਾਹ ਦਿੱਤੀ ।

ਉਸ ਨੂੰ ਅਸੀਂ ਵੀ ਪਨਾਹ ਦਿੰਦੇ ਹਾਂ ਅਤੇ ਉਸ ਦਾ ਮਾਲ ਉਸ ਨੂੰ ਵਾਪਸ ਦਿੰਦੇ ਹਾਂ ਅਤੇ ਜ਼ੈਨਬ ਰਜ਼ੀ ਅੱਲਾਹ ਅੰਨਹਾ ਨੂੰ ਅਬੁਲੱ ਆਸ ਲਈ ਸੇਵਾ ਕਰਨ ਦਾ ਫ਼ਰਮਾਇਆ ਅਤੇ ਉਸ ਨੂੰ ਇਕੱਲੇ ਮਿਲਣ ਤੋਂ ਮਨ੍ਹਾਂ ਫ਼ਰਮਾਇਆ। ਕੁਝੱ ਦਿਨਾਂ ਬਾਦ ਅਬੁਲੱ ਆਸ ਨੇ ਮੱਕੇ ਵਾਪਸ ਜਾ ਕੇ ਆਪਣੇ ਕਾਰੋਬਾਰ ਦੇ ਲੈਣ ਦੇਣ ਤੋਂ ਆਜ਼ਾਦੀ ਪ੍ਰਾਪਤ ਕੀਤੀ ਅਤੇ ਵਾਪਸ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਸੇਵਾ ਵਿਚੱ ਪਹੁੰਚ ਕੇ ਮੁਸਲਮਾਨ ਹੋ ਗਿਆ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਜ਼ੈਨਬ ਰਜ਼ੀ ਅੱਲਾਹ ਅੰਨਹਾ ਨੂੰ ਬਿਨਾਂ ਕਿਸੇ ਨਵੇਂ ਨਿਕਾਹ ਦੇ ਉਹਨਾਂ ਵਲੱ੍ਹ ਭੇਜ ਦਿੱਤਾ।

ਇਸ ਨਾਲ ਇਹ ਫ਼ਤਵਾ ਵੀ ਮਿਲ ਗਿਆ ਕਿ ਜੇਕਰ ਕੋਈ ਔਰਤ ਆਪਣੇ ਪਤੀ ਦੇ ਕੁਫ਼ਰ ਕਰਕੇ ਵਖੱ ਹੁੰਦੀ ਹੈ ਤਾਂ ਪਤੀ ਦੇ ਈਮਾਨ ਲਿਆਉਣ ਉੱਤੇ ਮੁੜ ਨਿਕਾਹ ਦੀ ਲੋੜ੍ਹ ਨਹੀਂ ਹੁੰਦੀ। ਹਜ਼ਰਤ ਜ਼ੈਨਬ ਰਜ਼ੀ ਅੱਲਾਹ ਅੰਨਹਾ ਆਪਣੇ ਪਤੀ ਦੇ ਇਸਲਾਮ ਕਬੂਲ ਕਰਨ ਦੇ ਬਾਦ ਬਹੁਤਾ ਚਿਰ ਜ਼ਿੰਦਾ ਨਹੀਂ ਰਹੀ ਅਤੇ ਅਠੱ ਹਿਜਰੀ ਵਿਚੱ ਆਕਾਲ ਚਲਾਣਾ ਕਰ ਗਈ। ਹਜ਼ਰਤ ਉੱਮੇ ਐਮਨ ਰਜ਼ੀ ਅੱਲਾਹ ਅੰਨਹਾ, ਹਜ਼ਰਤ ਸੋਦਹ ਰਜ਼ੀ ਅੱਲਾਹ ਅੰਨਹਾ, ਹਜ਼ਰਤ ਉੱਮੇ ਸਲਮਾ ਰਜ਼ੀ ਅੱਲਾਹ ਅੰਨਹਾ ਅਤੇ ਹਜ਼ਰਤ ਉੱਮੇ ਅਤਯਾ ਰਜ਼ੀ ਅੱਲਾਹ ਅੰਨਹਾ ਨੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਹਦਾਯਤ ਅਨੁਸਾਰ ਉਹਨਾਂ ਨੂੰ ਇਸ਼ਨਾਨ ਕਰਵਾਇਆ। ਜਦੱਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਨਮਾਜ਼ ਜਨਾਜ਼ਾ ਪੜ੍ਹਾਈ ਅਤੇ ਆਪ ਕਬਰ ਵਿਚੱ ਉਤੱਰ ਕੇ ਉਹਨਾਂ ਨੂੰ ਦਫ਼ਨ ਕੀਤਾ। ਹਜ਼ਰਤ ਅਬੁਲੱ ਆਸ ਰਜ਼ੀ ਅੱਲਾਹ ਅੰਨਹੋ ਵੀ ਇਸ ਦੇ ਬਾਦ ਬਹੁਤਾ ਚਿਰ ਜ਼ਿੰਦਾ ਨਹੀਂ ਰਹੇ ਅਤੇ 12 ਹਿਜਰੀ ਵਿਚੱ ਆਕਾਲ ਚਲਾਣਾ ਕਰ ਗਏ।

ਗ਼ਜ਼ਵਾਹ ਸੁਵੈਕ 02 ਹਿਜਰੀ, ਜ਼ੁਲੱ ਹੱਜਾ ਦੇ ਮਹੀਨੇ ਵਿਚੱ ਹੋਇਆ। ਜਿਸ ਦਾ ਕਾਰਨ ਇਹ ਹੈ ਕਿ ਜਦੱ ਮੁਸ਼ਰਿਕ ਹਾਰ ਕੇ ਅਤੇ ਦੁੱਖੀ ਹੋ ਕੇ ਮੱਕੇ ਵਲੱ੍ਹ ਪਰਤੇ ਤਾਂ ਅਬੂ ਸੁਫ਼ਯਾਨ ਨੇ ਆਪਣੇ ਉੱਤੇ ਤੇਲ ਲਾਉਣਾ ਹਰਾਮ ਕਰ ਲਿਆ ਅਤੇ ਨਜ਼ਰ ਮੰਨੀ ਕਿ ਉਹ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਅਤੇ ਆਪ ਸਲੱਲਾਹੋ ਅਲੈਹਿ ਵਸੱਲਮ ਤੋਂ ਬਦਰ ਦਾ ਬਦਲਾ ਲੈਣ ਤਕੱ ਨਹਾਉਣਾ ਛਡੱ ਦੇਵੇਗਾ। ਇਕੱ ਰਵਾਯਤ ਅਨੁਸਾਰ ਅਬੂ ਸੁਫ਼ਯਾਨ ਦੋ ਸੌ ਸਵਾਰਾਂ ਦੇ ਨਾਲ ਜਦੱ ਕਿ ਦੂਜੀ ਰਵਾਯਤ ਅਨੁਸਾਰ 40 ਸਵਾਰਾਂ ਨੂੰ ਨਾਲ ਲੈ ਕੇ ਆਪਣੀ ਕਸਮ ਨੂੰ ਪੂਰਾ ਕਰਨ ਲਈ ਨਿਕਲਿਆ ਅਤੇ ਮਦੀਨਾ ਦੇ ਕਰੀਬ ਪਹੁੰਚ ਕੇ ਮਦਦ ਪ੍ਰਾਪਤ ਕਰਨ ਕਬੀਲਾ ਬਨੂ ਨਜ਼ਰ ਦੇ ਹੱਯੀ ਬਿਨ ਅਖ਼ਤਬ ਕੋਲ੍ਹ ਗਿਆ। ਜਿਸ ਨੇ ਮਦਦ ਕਰਨ ਤੋਂ ਇੰਨਕਾਰ ਕਰ ਦਿੱਤਾ। ਫ਼ਿਰ ਉਹ ਸਲਾਮ ਬਿਨ ਮੁਸਤਕਿਮ ਕੋਲ੍ਹ ਗਿਆ। ਜਿਸ ਨੇ ਮੁਸਲਮਾਨਾਂ ਦੀਆਂ ਰਾਜ਼ ਦੀਆਂ ਗੱਲ੍ਹਾਂ ਦਸਿੱਆਂ ਅਤੇ ਰਸੂਲੱਲਾਹ ਸਲੱਲਾਹੋ ਅਲੈਹਿ ਵਸਲੱਮ ਦੀ ਦਿਨ ਚਰਿਆ ਦੱਸੀ। ਅਬੂ ਸੁਫ਼ਯਾਨ ਨੇ ਕੁਰੈਸ਼ ਦੇ ਕੁਝੱ ਲੋਕਾਂ ਨੂੰ ਮਦੀਨੇ ਤੋਂ ਤਿੰਨ ਮੀਲ ਦੀ ਦੂਰੀ ਉੱਤੇ ਇਕੱ ਖ਼ਜੂਰ ਦੇ ਬਾਗ਼ ਵਾਦੀ ਅਰੀਜ਼ ਵਲੱ੍ਹ ਭੇਜਿਆ। ਜਿੱਥੇ ਉਹਨਾਂ ਨੇ ਖ਼ਜੂਰਾਂ ਦੇ ਝੁੰਡ ਸਾੜ੍ਹ ਦਿੱਤੇ ਅਤੇ ਇਕੱ ਮੁਸਲਮਾਨ ਅਨਸਾਰੀ ਨੂੰ ਕਤਲ ਕਰ ਦਿੱਤਾ। ਅਬੂ ਸੁਫ਼ਯਾਨ ਨੇ ਇਸ ਕਾਮਯਾਬੀ ਨੂੰ ਆਪਣੀ ਕਸਮ ਦਾ ਪੂਰਾ ਹੋਣਾ ਸਮਝਿਆ ਅਤੇ ਆਪਣਾ ਲਸ਼ਕਰ ਲੈ ਕੇ ਮੱਕੇ ਵੱਲ੍ਹ ਤੁਰ ਪਿਆ। ਜਦੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਇਸ ਦਾ ਇਲਮ ਹੋਇਆ ਤਾਂ ਦੋ ਸੌ ਸਹਾਬੀਆਂ ਨਾਲ ਉਸ ਦੇ ਪਿੱਛੇ ਨਿਕਲੇ ਅਤੇ ਕਰਕਰਤੁਲੱ ਕਦਰ (ਇਕੱ ਥਾਂ ਦਾ ਨਾਂ) ਪਹੁੰਚ ਗਏ। ਅਬੂ ਸੁਫ਼ਯਾਨ ਅਤੇ ਉਸ ਦਾ ਲਸ਼ਕਰ ਭਜੱਦੇ ਹੋਏ ਸਤੂੰ ਦੇ ਪੈਕਟ ਸੁਟੱਦੇ ਜਾ ਰਹੇ ਸਨ ਅਤੇ ਮੁਸਲਮਾਨ ਉਹ ਚੁਕੱਦੇ ਜਾ ਰਹੇ ਸਨ। ਇਸ ਲਈ ਇਸ ਗ਼ਜ਼ਵਾਹ ਦਾ ਨਾਂ ਗ਼ਜ਼ਵਾਹ ਸੁਵੈਕ ਅਰਥਾਤ ਸਤੂੱਆਂ ਵਾਲਾ ਗ਼ਜ਼ਵਾਹ ਪੈ ਗਿਆ। ਅਬੂ ਸੁਫ਼ਯਾਨ ਅਤੇ ਉਸ ਦਾ ਲਸ਼ਕਰ ਭਜੱ ਗਿਆ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਮਦੀਨੇ ਵਾਪਸ ਆ ਗਏ ਅਤੇ ਸਹਾਬਾ ਰਜ਼ੀ ਅੱਲਾਹ ਅੰਨਹੋ ਦੇ ਪੁਛੱਣ ਉੱਤੇ ਫ਼ਰਮਾਇਆ ਕਿ ਇਹ ਗ਼ਜ਼ਵਾਹ ਹੀ ਹੈ।

ਸੀਰਤ ਖ਼ਾਤਮੁਨੱਬੀਯੀਨ ਸਲੱਲਾਹੋ ਅਲੈਹਿ ਵਸਲੱਮ ਵਿਚੱ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਨੇ ਪਹਿਲੀ ਈਦ-ਉਲੱ-ਅਜ਼ਹਿਆ ਬਾਰੇ ਲਿਖਿੱਆ ਹੈ ਕਿ ਇਸੇ ਸਾਲ ਜ਼ਿਲੱ ਹੱਜਾ ਵਿਚੱ ਦੂਜੀ ਇਸਲਾਮੀ ਈਦ ਅਰਥਾਤ ਈਦ-ਉਲੱ-ਅਜ਼ਹਿਆ ਸ਼ੁਰੂ ਹੋਈ। ਜੋ ਜ਼ੁਲੱ ਹੱਜਾ ਦੀ ਦਸਵੀਂ ਤਾਰੀਖ਼ ਨੂੰ ਸਾਰੇ ਇਸਲਾਮੀ ਸੰਸਾਰ ਵਿਚੱ ਮਨਾਈ ਜਾਂਦੀ

ਹੈ । ਇਸ ਈਦ ਵਿਚੱ ਹਰ ਸ਼ਕਤੀ ਰਖੱਣ ਵਾਲੇ ਮੁਸਲਮਾਨ ਲਈ ਵਾਜਬ ਹੈ ਕਿ ਕੋਈ ਜਾਨਵਰ ਕੁਰਬਾਨ ਕਰਕੇ ਉਸ ਦਾ ਮੀਟ ਆਪਣੇ ਰਿਸ਼ਤੇਦਾਰਾਂ, ਦੋਸਤਾਂ, ਗੁਆਂਡੀਆਂ ਅਤੇ ਹੋਰ ਲੋਕਾਂ ਵਿਚੱ ਵੰਡੇ ਅਤੇ ਆਪ ਵੀ ਖਾਣ । ਸੋ, ਈਦ-ਉਲੱ-ਅਜ਼ਹਿਆ ਦੇ ਦਿਨ ਅਤੇ ਉਸ ਦੇ ਬਾਦ ਦੋ ਦਿਨ ਤਕੱ ਇਸਲਾਮੀ ਸੰਸਾਰ ਵਿਚੱ ਲੱਖਾਂ ਕਰੋੜਾਂ ਜਾਨਵਰ ਰਬੱ ਦੀ ਰਾਹ ਵਿਚੱ ਕੁਰਬਾਨ ਕੀਤੇ ਜਾਂਦੇ ਹਨ ਅਤੇ ਹਜ਼ਰਤ ਇਬਰਾਹੀਮ, ਹਜ਼ਰਤ ਇਸਮਾਈਲ ਅਤੇ ਹਜ਼ਰਤ ਹਾਜਰਾ ਅਲੈਹਿਮੁ ਸਲਾਮ ਦੀ ਵਡੱਮੁਲੀ ਕੁਰਬਾਨੀ ਦੀ ਯਾਦ ਜ਼ਿੰਦਾ ਰੱਖੀ ਜਾਂਦੀ ਹੈ ਅਤੇ ਜਿਸ ਦੀ ਸ਼ਾਨਦਾਰ ਮਿਸਾਲ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜ਼ਿੰਦਗੀ ਸੀ । ਹਰ ਇਕੱ ਮੁਸਲਮਾਨ ਨੂੰ ਹੋਸ਼ਿਆਰ ਕੀਤਾ ਜਾਂਦਾ ਹੈ ਕਿ ਉਹ ਕਦੇ ਆਪਣੇ ਆਕਾ ਅਤੇ ਮਾਲਿਕ ਦੀ ਰਾਹ ਵਿਚੱ ਆਪਣੀ ਜਾਨ ਅਤੇ ਮਾਲ ਅਤੇ ਆਪਣੀ ਹਰ ਇਕੱ ਚੀਜ਼ ਕੁਰਬਾਨ ਕਰ ਦੇਣ ਲਈ ਤਿਆਰ ਹਨ । ਇਹ ਈਦ ਵੀ ਈਦ-ਉਲੱ-ਫ਼ਿਤਰ ਵਾਂਗ ਇਕੱ ਸ਼ਾਨਦਾਰ ਇਸਲਾਮੀ ਇਬਾਦਤ ਹਜੱ ਦੀ ਸੰਪੂਰਨਤਾ ਉੱਤੇ ਮਨਾਈ ਜਾਂਦੀ ਹੈ ।

ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਦਾ ਨਿਕਾਹ ਵੀ ਦੋ ਹਿਜਰੀ ਵਿਚੱ ਹੋਇਆ । ਹਜ਼ਰਤ ਅਨਸ ਰਜ਼ੀ ਅੱਲਾਹ ਅੰਨਹਾ ਬਿਆਨ ਕਰਦੇ ਹਨ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਅਤੇ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਦੋਵਾਂ ਨੇ ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਨਾਲ ਵਿਆਹ ਦੀ ਬਿਨਤੀ ਕੀਤੀ । ਪਰ ਆਪ ਸਲੱਲਾਹੋ ਅਲੈਹਿ ਵਸਲੱਮ ਚੁਪੱ ਰਹੇ ਅਤੇ ਕੋਈ ਉਤੱਰ ਨਹੀਂ ਦਿੱਤਾ । ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਬਿਆਨ ਕਰਦੇ ਹਨ ਕਿ ਮੈਂ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਸੇਵਾ ਵਿਚੱ ਹਾਜ਼ਰ ਹੋਇਆ ਅਤੇ ਕਿਹਾ ਕਿ ਆਪ ਸਲੱਲਾਹੋ ਅਲੈਹਿ ਵਸਲੱਮ ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਦੀ ਸ਼ਾਦੀ ਮੇਰੇ ਨਾਲ ਕਰਨਗੇ ? ਆਪ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕੀ ਤੇਰੇ ਕੋਲ੍ਹ ਮੈਹਰ ਲਈ ਕੁਝੱ ਹੈ ? ਮੈਂ ਕਿਹਾ ਕਿ ਮੇਰੇ ਕੋਲ੍ਹ ਘੋੜ੍ਹਾ ਅਤੇ ਜ਼ਿਰਹ ਹੈ । ਆਪ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਘੋੜ੍ਹਾ ਜ਼ਰੂਰੀ ਹੈ । ਪਰ ਜ਼ਿਰਹ ਨੂੰ ਵੇਚ ਦਿਓ । ਸੋ, ਮੈਂ ਨੇ 480 ਦਰਹਮ ਵਿਚੱ ਆਪਣੀ ਜ਼ਿਰਹ ਨੂੰ ਵੇਚ ਕੇ ਮੈਹਰ ਦੀ ਰਕਮ ਦਾ ਪ੍ਰਬੰਧ ਕੀਤਾ । ਆਪ ਸਲੱਲਾਹੋ ਅਲੈਹਿ ਵਸਲੱਮ ਨੇ ਇਸ ਰਕਮ ਵਿੱਚੋਂ ਮੁੱਠੀ ਭਰ ਬਿਲਾਲ ਰਜ਼ੀ ਅੱਲਾਹ ਅੰਨਹੋ ਨੂੰ ਦਿੰਦੇ ਹੋਏ ਫ਼ਰਮਾਇਆ ਕਿ ਉਸ ਨਾਲ ਕੁਝੱ ਖ਼ੁਸ਼ਬੂ ਖ਼ਰੀਦੋ ਅਤੇ ਕੁਝੱ ਲੋਕਾਂ ਨੂੰ ਆਦੇਸ਼ ਦਿੱਤਾ ਕਿ ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਦਾ ਦਾਜ ਤਿਆਰ ਕਰਨ । ਸੋ, ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਲਈ ਇਕੱ ਮੰਜਾ, ਚਮੜ੍ਹੇ ਦਾ ਇਕੱ ਸਿਰਾਹਨਾ, ਜਿਸ ਵਿਚੱ ਖ਼ਜੂਰ ਦੀ ਛਾਲ ਭਰੀ ਹੋਈ ਸੀ, ਤਿਆਰ ਕੀਤਾ ਗਿਆ ।

ਇਕੱ ਰਵਾਯਤ ਵਿਚੱ ਹੈ ਕਿ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਨਾਲ ਇਹ ਰਿਸ਼ਤਾ ਕਰਦੇ ਹੋਏ ਫ਼ਰਮਾਇਆ ਕਿ ਮੇਰੇ ਰਬੱ ਨੇ ਮੈਨੂੰ ਅਜਿਹਾ ਕਰਨ ਦਾ ਹੁਕਮ ਫ਼ਰਮਾਇਆ । ਵਿਦਾਈ ਦੇ ਬਾਦ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਇਕੱ ਪਾਂਡੇ ਵਿਚੱ ਪਾਣੀ ਨਾਲ ਵਜ਼ੂ ਕੀਤਾ । ਫ਼ਿਰ ਉਹ ਪਾਣੀ ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਅਤੇ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਉੱਤੇ ਇਹ ਸ਼ਬਦ ਫ਼ਰਮਾਉਂਦੇ ਹੋਏ ਛਿੜ੍ਹਕਿਆ ਕਿ ਹੇ ਮੇਰੇ ਰਬੱ ! ਤੂੰ ਇਹਨਾਂ ਦੋਵਾਂ ਦੇ ਆਪਸੀ ਸੰਬੰਧਾਂ ਵਿਚੱ ਬਰਕਤ ਦੇ ਅਤੇ ਉਹਨਾਂ ਦੇ ਉਹਨਾਂ ਸੰਬੰਧਾਂ ਵਿਚੱ ਬਰਕਤ ਦੇ । ਜੋ ਦੂਜੇ ਲੋਕਾਂ ਦੇ ਨਾਲ ਕਾਯਮ ਹੋਣ ਅਤੇ ਉਹਨਾਂ ਦੀ ਨਸਲ ਵਿਚੱ ਬਰਕਤ ਦੇ । ਇਹ ਦੁਆ ਸ਼ਾਦੀ ਕਰਨ ਵਾਲੇ ਜੋੜ੍ਹਿਆਂ ਲਈ ਉਹਨਾਂ ਦੇ ਮਾਂ-ਬਾਪ ਨੂੰ ਵੀ ਕਰਨੀ ਚਾਹੀਦੀ ਹੈ । ਅਜੱ ਕਲ੍ਹੱ ਸੰਸਾਰ ਦੀ ਲਾਲਚ ਕਰਕੇ ਸ਼ਾਦੀ ਦੇ ਬਾਦ ਲੜਕੇ ਅਤੇ ਲੜਕੀ ਵਿਚੱਕਾਰ ਮਸਲੇ ਪੈਦਾ ਹੋ ਜਾਂਦੇ ਹਨ । ਜਿੰਨਾਂ ਵਿਚੱ ਵਾਧਾ ਵੀ ਹੋ ਰਿਹਾ ਹੈ । ਜੇਕਰ ਧਰਮ ਨੂੰ ਪਹਿਲ ਦਿੱਤੀ ਜਾਵੇ ਅਤੇ ਇੰਝ ਦੁਆ ਕੀਤੀ ਜਾਵੇ ਅਤੇ ਮਾਂ-ਬਾਪ ਵੀ ਆਪਣਾ ਕਿਰਦਾਰ ਇੰਝ ਅਦਾ ਕਰਨ ਤਾਂ ਰਿਸ਼ਤੇ ਕਾਯਮ ਰਹਿ ਸਕਦੇ ਹਨ ।

ਸ਼ਾਦੀ ਦੇ ਬਾਦ ਇਕੱ ਸਹਾਬੀ ਹਜ਼ਰਤ ਹਾਰਸ ਬਿਨ ਨੁਅਮਾਨ ਅੰਸਾਰੀ ਰਜ਼ੀ ਅੱਲਾਹ ਅੰਨਹੋ ਨੇ ਆਪਣਾ ਇਕੱ ਘਰ ਖ਼ਾਲੀ ਕਰਵਾ ਕੇ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਅਤੇ ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਦੇ ਰਹਿਣ ਲਈ ਪੈਸ਼ ਕਰ ਦਿੱਤਾ । ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਨੇ ਨਬੀ ਕਰੀਮ ਸਲੱਲਾਹੋ ਅਲੈਹਿ ਵਸਲੱਮ ਤੋਂ ਚੱਕੀ ਚਲਾਉਣ ਕਰਕੇ ਹਥੱ ਵਿਚੱ ਤਕਲੀਫ਼ ਦਾ ਪ੍ਰਕਟਾਵਾ ਕਰਕੇ ਕਿਸੇ ਸੇਵਕ ਦਾ ਪ੍ਰਬੰਧ ਕਰਨ ਨੂੰ ਕਿਹਾ ਤਾਂ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੋ ਅਤੇ ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਨੂੰ ਫ਼ਰਮਾਇਆ ਕਿ ਜਦੱ ਤੁਸੀਂ ਆਪਣੇ ਮੰਜੇ ਉੱਤੇ ਜਾਓ ਤਾਂ 34 ਵਾਰ ਅੱਲਾਹੁ ਅਕਬਰ ਕਹੋ, 33 ਵਾਰ ਸੁਬਹਾਨ ਅੱਲਾਹ ਕਹੋ ਅਤੇ 33 ਵਾਰ ਅਲਹਮਦੋ ਲਿੱਲਾਹ ਕਹੋ । ਇਹ ਤੁਹਾਡੇ ਲਈ ਸੇਵਕ ਤੋਂ ਚੰਗਾ ਹੈ । ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਲਈ ਸੇਵਕ ਦੇਣਾ ਔਖਾ ਨਹੀਂ ਸੀ । ਪਰ ਮੁਮਕਿਨ ਸੀ ਕਿ ਲੋਕ ਕੁਝੱ ਦਾ ਕੁਝੱ ਨਤੀਜਾ ਕਢੱਦੇ ਅਤੇ ਬਾਦਸ਼ਾਹ ਆਪਣੇ ਲਈ ਇਸ ਨੂੰ ਜਾਇਜ਼ ਸਮਝ ਲੈਂਦੇ । ਸੋ, ਇਹਨਾਂ ਗੱਲਾਂ ਤੋਂ ਬਚਾਉਣ ਲਈ ਆਪ ਸਲੱਲਾਹੋ ਅਲੈਹਿ ਵਸਲੱਮ ਨੇ ਆਪ ਦੇ ਕੋਲ ਵੰਡਣ ਲਈ ਆਏ ਗ਼ੁਲਾਮਾਂ ਅਤੇ ਲੋਂਡੀਆਂ ਵਿੱਚੋਂ ਕੁਝੱ ਨ ਦਿੱਤਾ ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਬਾਕੀ ਇੰਸ਼ਾ-ਅੱਲਾਹ ਅੱਗੇ ਬਿਆਨ ਕਰਾਂਗਾ । ਇਸ ਸਮੇਂ ਮੈਂ ਮੁੜ ਸੰਸਾਰ ਦੇ ਹਾਲਾਤਾਂ ਦੇ ਹਵਾਲੇ ਨਾਲ ਦੁਆ ਲਈ ਵੀ ਕਹਿਣਾ ਚਾਹੁੰਣਾ ਹਾਂ । ਹੁਣ ਤਾਂ ਪਛੱਮੀ ਸੰਸਾਰ ਸਗੋਂ ਅਮਰੀਕਾ ਦੇ ਵੀ ਕੁਝੱ ਲਿਖੱਣ ਵਾਲਿਆਂ ਨੇ ਇਹ ਅਖ਼ਬਾਰਾਂ ਵਿਚੱ ਲਿਖਿੱਆ ਹੈ ਕਿ ਬਦਲੇ ਦੀ ਵੀ ਕੋਈ ਹਦੱ ਹੋਣੀ ਚਾਹੀਦੀ ਹੈ ਅਤੇ ਅਮਰੀਕਾ ਅਤੇ ਪਛੱਮੀ ਦੇਸ਼ਾਂ ਨੂੰ ਹਮਾਸ ਅਤੇ ਇਸਰਾਈਲ ਦੀ ਜੰਗ ਵਿਚੱ ਆਪਣਾ ਕਿਰਦਾਰ ਅਦਾ ਕਰਨਾ ਚਾਹੀਦਾ ਹੈ ਅਤੇ ਸੁਲਹਾ ਅਤੇ ਜੰਗ ਬੰਦੀ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ । ਲਿਖੱਣ ਵਾਲੇ ਇਹ ਵੀ ਲਿਖੱਦੇ ਹਨ ਕਿ ਲਗੱਦਾ ਹੈ ਇਹ ਲੋਕ ਜੰਗ ਬੰਦ ਕਰਵਾਉਣ ਦੀ ਥਾਂ ਭੜਕਾਉਣ ਉੱਤੇ ਤੁਲੇ ਹੋਏ ਹਨ । ਇੰਝ ਹੀ ਅਮਰੀਕਾ ਦੀ ਕਲੱ ਦੀ ਖ਼ਬਰ ਸੀ ਕਿ ਵਜ਼ਾਰਤੇ ਖ਼ਾਰਜਾ ਦੇ ਇਕੱ ਵੱਡੇ ਅਫ਼ਸਰ ਨੇ ਇਸ ਗਲੱ ਉੱਤੇ ਨੌਕਰੀ ਛਡੱ ਦਿੱਤੀ ਕਿ ਹੁਣ ਬਹੁਤ ਹੋ ਗਿਆ ਹੈ । ਫ਼ਲਸਤੀਨੀ ਮਾਸੂਮਾਂ ਉੱਤੇ ਬਹੁਤ ਜ਼ੁਲਮ ਹੋ ਰਿਹਾ ਹੈ ਅਤੇ ਵੱਡੀ ਤਾਕਤਾਂ ਨੂੰ ਇਸ ਦਾ ਖ਼ਿਆਲ ਰਖੱਣਾ ਚਾਹੀਦਾ ਹੈ । ਤਾਂ ਇਹਨਾਂ ਵਿਚੱ ਵੀ ਸ਼ਰੀਫ਼ ਲੋਕ ਮੌਜੂਦ ਹਨ । ਇੰਝ ਹੀ ਕਈ ਵਾਰ ਮੀਡੀਆ ਉੱਤੇ ਆਉਂਦਾ ਹੈ । ਕੁਝੱ ਯਹੂਦੀ ਵੀ ਉਹਨਾਂ ਦੇ ਹਕੱ ਵਿਚੱ ਅਤੇ ਜ਼ੁਲਮ ਦੇ ਖ਼ਿਲਾਫ਼ ਬੋਲ ਰਹੇ ਹਨ । ਰੂਸ ਦੇ ਵਜ਼ੀਰੇ ਖ਼ਾਰਜਾ ਨੇ ਵੀ ਬਿਆਨ ਦਿੱਤਾ ਹੈ ਕਿ ਜੇਕਰ ਇੰਝ ਇਹ ਦੇਸ਼ ਆਪਣਾ ਰਵੱਯਾ ਰੱਖੇ ਰਹੇ ਤਾਂ ਇਹ ਜੰਗ ਪੂਰੇ ਇਲਾਕੇ ਵਿਚੱ ਫ਼ੈਲ ਜਾਵੇਗੀ । ਸਗੋਂ ਮੈਂ ਸਮਝਦਾ ਹਾਂ ਕਿ ਸੰਸਾਰ ਵਿਚੱ ਫ਼ੈਲ ਜਾਵੇਗੀ । ਸੋ, ਹੋਸ਼ ਦੇ ਨਹੁੰ (ਇਹ ਇਕੱ ਮੁਹਾਵਰਾ ਹੈ) ਉਹਨਾਂ ਨੂੰ ਲੈਣੇ ਚਾਹੀਦੇ ਹਨ । ਇੰਝ ਹੀ ਮੁਸਲਮਾਨ ਦੇਸ਼ਾਂ ਨੂੰ ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਸੀ । ਇਕੱ ਹੋ ਕੇ ਅਤੇ ਇਕੱ ਆਵਾਜ਼ ਹੋ ਕੇ ਬੋਲਣਾ ਚਾਹੀਦਾ ਹੈ । ਜੇਕਰ ਸੰਸਾਰ ਦੇ 53-54 ਮੁਸਲਮਾਨ ਦੇਸ਼ ਇਕੱ ਆਵਾਜ਼ ਵਿਚੱ ਬੋਲਣ ਤਾਂ ਇਹ ਵੱਡੀ ਤਾਕਤ ਹੋਵੇਗੀ ਅਤੇ ਫ਼ਿਰ ਉਸ ਦਾ ਪ੍ਰਭਾਵ ਵੀ ਹੋਵੇਗਾ । ਨਹੀਂ ਤਾਂ ਇਕੱ ਦੋ ਆਵਾਜ਼ਾਂ ਕੋਈ ਪ੍ਰਭਾਵ ਨਹੀਂ ਰਖੱਦੀਆਂ ਅਤੇ ਇਹੀ ਇਕੱ ਤਰੀਕਾ ਹੈ ਸੰਸਾਰ ਵਿਚੱ ਅਮਨ ਕਾਯਮ ਕਰਨ ਦਾ ਅਤੇ ਇਸ ਜੰਗ ਦੇ ਅੰਤ ਦਾ । ਸੋ, ਮੁਸਲਮਾਨ ਦੇਸ਼ਾਂ ਨੂੰ ਸੰਸਾਰ ਨੂੰ ਤਬਾਹੀ ਤੋਂ ਬਚਾਉਣ ਲਈ ਆਪਣਾ ਕਿਰਦਾਰ ਅਦਾ ਕਰਨ ਦੀ ਭਰਪੂਰ ਕੋਸ਼ਿਸ਼ ਕਰਨੀ ਚਾਹੀਦੀ ਹੈ । ਰਬੱ ਉਹਨਾਂ ਨੂੰ ਇਸ ਦੀ ਤੌਫ਼ੀਕ ਵੀ ਬਖ਼ਸ਼ੇ । ਪਰ ਹਰ ਹਾਲ ਵਿਚੱ ਸਾਨੂੰ ਦੁਆ ਉੱਤੇ ਜ਼ੋਰ ਦੇਣਾ ਚਾਹੀਦਾ ਹੈ । ਰਬੱ ਇਸ ਜੰਗ ਦਾ ਵੀ ਅੰਤ ਕਰੇ ਅਤੇ ਮਾਸੂਮ ਮਜ਼ਲੂਮ ਫ਼ਲਸਤੀਨ ਨੂੰ ਬਚਾਏ । ਉਹਨਾਂ ਉੱਤੇ ਹੋਰ ਜ਼ੁਲਮ ਨ ਹੋਵੇ ਅਤੇ ਜਿੱਥੇ ਵੀ ਜ਼ੁਲਮ ਹੈ, ਉਸ ਨੂੰ ਸੰਸਾਰ ਤੋਂ ਖ਼ਤਮ ਕਰੇ । ਰਬੱ ਸਾਨੂੰ ਦੁਆਵਾਂ ਦੀ ਤੌਫ਼ੀਕ ਬਖ਼ਸ਼ੇ ।

اَلْحَمْدُ لِلّٰهِ! اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ
فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ رَحِمَكُمُ اللّٰهُ اِنَّ اللّٰهَ يَاْمُرُ بِالْعَدْلِ وَالْاِحْسَانِ
وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔